Calgary

# ਕੀ ਤੁਸੀਂ ਤਿਆਰ ਹੋ?

ਕੋਈ ਵੀ ਕਦੇ ਨਹੀਂ ਸੋਚਦਾ ਹੁੰਦਾ ਕਿ ਉਨ੍ਹਾਂ ਨੂੰ ਕੋਈ ਬਿਪਤਾ ਪਵੇਗੀ। ਕਿਸੇ ਬਿਪਤਾ ਨਾਲ ਨਜਿੱਠਣ ਲਈ ਤੁਹਾਡੀ ਉੱਤਮ ਰਣਨੀਤੀ ਨੂੰ ਜਿੰਨਾ ਸੰਭਵ ਹੋ ਸਕੇ ਤਿਆਰ ਰੱਖਣਾ ਚਾਹੀਦਾ ਹੈ। ਕੈਲਗਰੀ ਐਮਰਜੈਂਸੀ ਪ੍ਰਬੰਧਨ ਏਜੰਸੀ ਐਮਰਜੈਂਸੀ ਦੀ ਸਥਿਤੀ ਵਿੱਚ ਤੁਹਾਨੂੰ ਵਧੀਆ ਢੰਗ ਨਾਲ ਤਿਆਰ ਰਹਿਣ ਲਈ ਕੁਝ ਸਧਾਰਨ ਕਾਰਜ ਕਰਨ ਲਈ ਸੱਦਾ ਦਿੰਦੀ ਹੈ।



## ਘਰ ਦਾ ਪਤਾ:

## ਐਮਰਜੈਂਸੀਆਂ ....................................... 9-1-1 ਡਾਇਲ ਕਰੋ

ਅੱਗ, ਪੁਲਿਸ, ਐਂਬੂਲੈਂਸ ........................................ **9-1-1**

ਗੈਸ ਐਮਰਜੈਂਸੀ – ATCO ਗੈਸ ........................................ **403-245-7222**

ਇਲੈਕਟ੍ਰਿਕਲ ਐਮਰਜੈਂਸੀ – ENMAX ........................................ **403-514-6100**

ਹੋਰ ਸਾਰੀਆਂ ਸ਼ਹਿਰੀ ਸੇਵਾਵਾਂ ........................................ **3-1-1**

ਜ਼ਹਿਰ ਨਿਯੰਤ੍ਰਣ ਕੇਂਦਰ ........................................ **1-800-332-1414**

ਹੈਲਥ ਲਿੰਕ ........................................ **8-1-1**

ਭਾਈਚਾਰਕ ਅਤੇ ਸੋਸ਼ਲ ਸਰਵਿਸਿਸ ........................................ **2-1-1**

ਐਲਬਰਟਾ ਟ੍ਰਾਂਸਪੋਰਟੇਸ਼ਨ ਜਾਣਕਾਰੀ ........................................ **5-1-1**

ਪੁਲਿਸ ਗੈਰ-ਐਮਰਜੈਂਸੀ ਲਾਈਨ ........................................ **403-266-1234**

### ਜਨਤਕ ਸੁਰੱਖਿਆ ਸਥਾਨ

ਇਹ ਜਾਣਨਾ ਮਹੱਤਵਪੂਰਨ ਹੁੰਦਾ ਹੈ ਕਿ ਤੁਸੀਂ ਮਦਦ ਲਈ ਕਿੱਥੇ ਜਾ ਸਕਦੇ ਹੋ। ਜਨਤਕ ਸੁਰੱਖਿਆ ਸਥਾਨ ਤੁਹਾਡੇ ਭਾਈਚਾਰੇ ਲਈ ਜਾਣਕਾਰੀ ਅਤੇ ਸਹਾਇਤਾ ਲਈ ਕੇਂਦਰੀ ਸਥਾਨ ਹੋ ਸਕਦੇ ਹਨ।



### ਫਾਇਰ ਸਟੇਸ਼ਨ

ਪਤਾ:

ਫੋਨ ਨੰਬਰ:




### ਪੁਲਿਸ ਸਟੇਸ਼ਨ

ਪਤਾ:

ਫੋਨ ਨੰਬਰ:




### ਹਸਪਤਾਲ ਜਾਂ ਡਾਕਟਰੀ ਸਹੂਲਤ

ਪਤਾ:

ਫੋਨ ਨੰਬਰ:

## ਜੁੜੇ ਰਹੋ

ਜੇ ਕੋਈ ਆਫ਼ਤ ਆਉਂਦੀ ਹੈ ਤਾਂ ਤੁਸੀਂ ਪਰਿਵਾਰ ਅਤੇ ਅਜ਼ੀਜ਼ਾਂ ਨਾਲ ਕਿਵੇਂ ਸੰਪਰਕ ਕਰੋਗੇ ਇਸ ਬਾਰੇ ਯੋਜਨਾ ਬਣਾਓ। ਮੁੱਖ ਐਮਰਜੈਂਸੀ ਸੰਪਰਕ ਜਾਣਕਾਰੀ ਨੂੰ ਲਿਖੋ ਅਤੇ ਪਰਿਵਾਰ ਦੇ ਖਾਸ ਮੈਂਬਰਾਂ, ਦੋਸਤਾਂ ਅਤੇ ਖੇਤਰ ਤੋਂ ਬਾਹਰ ਦੇ ਸੰਪਰਕਾਂ ਦੀ ਸੂਚੀ ਨੂੰ ਸ਼ਾਮਲ ਕਰੋ। ਖੇਤਰ ਤੋਂ ਬਾਹਰ ਦਾ ਉਹ ਸੰਪਰਕ ਚੁਣੋ ਜੋ ਕਿਸੇ ਐਮਰਜੈਂਸੀ ਦੇ ਦੌਰਾਨ ਤੁਹਾਡੇ ਪਰਿਵਾਰ ਨੂੰ ਦੁਬਾਰਾ ਮਿਲਾਉਣ ਵਿੱਚ ਸਹਾਇਤਾ ਕਰ ਸਕਦਾ ਹੈ, ਕਿਉਂਕਿ ਸਥਾਨਕ ਫੋਨ ਦੀਆਂ ਲਾਈਨਾਂ ਤੇ ਬਹੁਤ ਜ਼ਿਆਦਾ ਲੋਡ ਹੋਣ ਤੇ ਲੰਬੀ ਦੂਰੀ ਦੀਆਂ ਕਾਲਾਂ ਕਰਨਾ ਅਸਾਨ ਹੋ ਸਕਦਾ ਹੈ।

### ਮਹੱਤਵਪੂਰਨ ਫੋਨ ਨੰਬਰ

1. ਨਾਮ: ______________________

   ਫੋਨ ਨੰਬਰ: ______________________

2. ਨਾਮ: ______________________

   ਫੋਨ ਨੰਬਰ: ______________________

3. ਨਾਮ: ______________________

   ਫੋਨ ਨੰਬਰ: ______________________

4. ਖੇਤਰ ਤੋਂ ਬਾਹਰ ਦਾ ਨਾਮ: ______________________

   ਖੇਤਰ ਤੋਂ ਬਾਹਰ ਦਾ ਫੋਨ ਨੰਬਰ: ______________________

### ਪਰਿਵਾਰਕ ਮੁੜ ਸੰਗਠਨ ਪਲਾਨ

ਐਮਰਜੈਂਸੀ ਦੀ ਸਥਿਤੀ ਵਿੱਚ ਪਰਿਵਾਰ ਵਿੱਚ ਹਰੇਕ ਨੂੰ ਮਿਲਣ ਲਈ ਆਪਣੀ ਕਮਿਊਨਿਟੀ ਤੋਂ ਬਾਹਰ ਇੱਕ ਸਾਂਝੀ ਬੈਠਕ ਲਈ ਸਥਾਨ ਨਿਯੁਕਤ ਕਰੋ।

ਪਤਾ: ______________________

## ਨਿਕਾਸੀ

ਜੇ ਤੁਹਾਨੂੰ ਬਾਹਰ ਨਿਕਲਣ ਦੀ ਹਦਾਇਤ ਦਿੱਤੀ ਗਈ ਹੈ, ਤਾਂ ਕਿਰਪਾ ਕਰਕੇ ਤੁਰੰਤ ਨਿਕਲ ਜਾਓ। ਐਮਰਜੈਂਸੀ ਕਰਮਚਾਰੀਆਂ ਦੀਆਂ ਹਦਾਇਤਾਂ ਦੀ ਪਾਲਣਾ ਕਰੋ ਅਤੇ ਆਪਣਾ ਘਰ ਛੱਡਣ ਤੋਂ ਪਹਿਲਾਂ, ਇਨ੍ਹਾਂ ਮਹੱਤਵਪੂਰਨ ਕਦਮਾਂ ਦੀ ਪਾਲਣਾ ਕਰੋ:

- ਜੇ ਅਜਿਹਾ ਕਰਨ ਦੀ ਹਦਾਇਤ ਕੀਤੀ ਗਈ ਹੈ ਤਾਂ ਸਾਰੀਆਂ ਚੀਜ਼ਾਂ ਬੰਦ ਕਰੋ।
- ਆਪਣੀ 72 ਘੰਟੇ ਦੀ ਐਮਰਜੈਂਸੀ ਕਿੱਟ ਲਓ, ਜਿਸ ਵਿੱਚ ਮਹੱਤਵਪੂਰਨ ਦਸਤਾਵੇਜ਼ ਅਤੇ ਦਵਾਈਆਂ ਸ਼ਾਮਲ ਹਨ।
- ਆਪਣੇ ਪਾਲਤੂ ਜਾਨਵਰਾਂ ਅਤੇ ਐਮਰਜੈਂਸੀ ਪਾਲਤੂ ਸਪਲਾਈ ਵਸਤੂਆਂ ਨੂੰ ਆਪਣੇ ਨਾਲ ਲਿਆਓ।
- ਆਪਣੇ ਘਰ ਨੂੰ ਬੰਦ ਕਰੋ।
- ਕਿਸੇ ਮਨੋਨੀਤ ਜਾਣਕਾਰੀ ਕੇਂਦਰ ਜਾਂ ਰਿਸੈਪਸ਼ਨ ਕੇਂਦਰ ਤੇ ਰਜਿਸਟਰ ਕਰੋ।
- ਹੋਰ ਹਿਦਾਇਤਾਂ ਲਈ ਆਪਣੇ ਟੀਵੀ, ਰੇਡੀਓ ਨੂੰ ਦੇਖੋ ਜਾਂ **calgary.ca** ਤੇ ਜਾਓ।

## ਮੌਜੂਦਾ ਥਾਂ ਵਿੱਚ ਆਸਰਾ ਲੈਣਾ

ਕੁਝ ਖਾਸ ਹਲਾਤਾਂ ਵਿੱਚ ਤੁਹਾਨੂੰ "ਆਸ-ਪਾਸ ਦੀ ਮੌਜੂਦਾ ਥਾਂ" 'ਤੇ ਰਹਿਣ ਲਈ ਨਿਰਦੇਸ਼ ਦਿੱਤਾ ਜਾ ਸਕਦਾ ਹੈ। ਇਸਦਾ ਮਤਲਬ ਇਹ ਹੈ ਕਿ ਤੁਸੀਂ ਆਪਣੀ ਮੌਜੂਦਾ ਜਗ੍ਹਾ ਦੇ ਅੰਦਰ ਪਨਾਹ ਲਓਗੇ, ਭਾਵੇਂ ਉਹ ਤੁਹਾਡਾ ਘਰ, ਕੰਮ ਵਾਲੀ ਥਾਂ, ਵਾਹਨ ਜਾਂ ਜਿੱਥੇ ਵੀ ਤੁਸੀਂ ਹੋਵੋ ਉਹ ਹੋਵੇ।
ਹੇਠਾਂ ਦਿੱਤੇ ਕਦਮ ਤੁਹਾਡੀ ਸੁਰੱਖਿਆ ਨੂੰ ਵਧਾਉਣ ਵਿੱਚ ਸਹਾਇਤਾ ਕਰਣਗੇ:

- ਸਾਰੀਆਂ ਬਾਰੀਆਂ ਅਤੇ ਦਰਵਾਜ਼ੇ ਬੰਦ ਕਰ ਦਿਓ।
- ਜੇ ਤੁਸੀਂ ਕਿਸੇ ਖ਼ਤਰਨਾਕ ਸਮੱਗਰੀ ਨੂੰ ਨਿਕਲਦਾ ਵੇਖਦੇ ਹੋ ਜਾਂ ਸ਼ੱਕ ਹੁੰਦਾ ਹੈ, ਤਾਂ ਪੱਖਿਆਂ ਨੂੰ ਬੰਦ ਕਰੋ ਅਤੇ ਸਾਰੇ ਮੋਘਰੇ ਬੰਦ ਕਰ ਦਿਓ। ਗੈਸਾਂ, ਭਾਫ਼ਾਂ ਜਾਂ ਧੂੰਆਂ ਬਾਹਰ ਨਿਕਲਦਾ ਰੱਖਣ ਲਈ ਉਨ੍ਹਾਂ 'ਤੇ ਕੂੜਾ ਕਰਕਟ ਸੁੱਟਣ ਵਾਲਾ ਬੈਗ ਰੱਖੋ। ਜੇ ਤੁਸੀਂ ਕਿਸੇ ਵਾਹਨ ਵਿੱਚ ਹੋ, ਤਾਂ ਪੱਖਿਆਂ ਨੂੰ ਬੰਦ ਕਰੋ ਅਤੇ ਸਾਰੇ ਮੋਘਰੇ ਬੰਦ ਕਰ ਦਿਓ।
- ਇੱਕ ਰੇਡੀਓ ਅਤੇ ਇੱਕ ਸੈੱਲ ਫੋਨ ਸਮੇਤ, ਆਪਣੀ ਐਮਰਜੈਂਸੀ ਕਿੱਟ ਆਪਣੇ ਨਾਲ ਰੱਖੋ।
- ਆਪਣੇ ਟੀਵੀ, ਰੇਡੀਓ ਜਾਂ **calgary.ca** ਨੂੰ ਦੇਖਦੇ ਰਹੋ ਜਦੋਂ ਤਕ ਤੁਹਾਨੂੰ ਸਭ ਕੁਝ ਸੁਰੱਖਿਅਤ ਨਾ ਹੋਣ ਬਾਰੇ ਨਹੀਂ ਦੱਸ ਦਿੱਤਾ ਜਾਂਦਾ ਹੈ ਜਾਂ ਤੁਹਾਨੂੰ ਬਾਹਰ ਨਿਕਲਣ ਦੀ ਸਲਾਹ ਨਹੀਂ ਦਿੱਤੀ ਜਾਂਦੀ।



# ਡਾਕਟਰੀ ਜਾਣਕਾਰੀ

ਜੇ ਤੁਹਾਨੂੰ ਆਪਣਾ ਘਰ ਛੱਡਣਾ ਪੈਂਦਾ ਹੈ ਅਤੇ ਡਾਕਟਰੀ ਸਹਾਇਤਾ ਦੀ ਜ਼ਰੂਰਤ ਪੈਂਦੀ ਹੈ ਤਾਂ ਤੁਹਾਡੇ ਪਰਿਵਾਰ ਲਈ ਮਹੱਤਵਪੂਰਨ ਡਾਕਟਰੀ ਜਾਣਕਾਰੀ ਹੋਣਾ ਜ਼ਰੂਰੀ ਹੁੰਦਾ ਹੈ।

**ਚਿਕਿਤਸਕ**

ਨਾਮ:

ਫੋਨ ਨੰਬਰ:

**ਫਾਰਮੇਸੀ**

ਨਾਮ:

ਫੋਨ ਨੰਬਰ:

**ਐਲਬਰਟਾ ਹੈਲਥ ਕਾਰਡ ਜਾਣਕਾਰੀ**

1. ਨਾਮ:
   ਐਲਬਰਟਾ ਹੈਲਥ ਕਾਰਡ #:
2. ਨਾਮ:
   ਐਲਬਰਟਾ ਹੈਲਥ ਕਾਰਡ #:
3. ਨਾਮ:
   ਐਲਬਰਟਾ ਹੈਲਥ ਕਾਰਡ #:
4. ਨਾਮ:
   ਐਲਬਰਟਾ ਹੈਲਥ ਕਾਰਡ #:

**ਦਵਾਈਆਂ**

1. ਨਾਮ:
   ਦਵਾਈਆਂ: ਖੁਰਾਕ:
2. ਨਾਮ:
   ਦਵਾਈਆਂ: ਖੁਰਾਕ:
3. ਨਾਮ:
   ਦਵਾਈਆਂ: ਖੁਰਾਕ:
4. ਨਾਮ:
   ਦਵਾਈਆਂ: ਖੁਰਾਕ:

## ਮਹੱਤਵਪੂਰਨ ਦਸਤਾਵੇਜ਼

ਮਹੱਤਵਪੂਰਨ ਦਸਤਾਵੇਜ਼ਾਂ ਦੀਆਂ ਨਕਲਾਂ ਸੁਰੱਖਿਅਤ ਥਾਂ ‘ਤੇ ਰੱਖੋ।
ਦਸਤਾਵੇਜ਼ਾਂ ਦੀਆਂ ਡਿਜਿਟਲ ਨਕਲਾਂ, ਫੋਟੋਆਂ ਅਤੇ ਹੋਰ ਕੁਝ ਵੀ ਜੋ ਤੁਸੀਂ ਸ਼ਾਮਲ ਕਰਨਾ ਚਾਹੁੰਦੇ ਹੋ ਉਹਨਾਂ 'ਤੇ ਵਿਚਾਰ ਕਰੋ।

- ☐ ਪਾਸਪੋਰਟ
- ☐ ਜਨਮ ਪ੍ਰਮਾਣ-ਪੱਤਰ
- ☐ ਵਿਆਹ ਦਾ ਪ੍ਰਮਾਣ-ਪੱਤਰ
- ☐ ਬੀਮਾ ਪਾਲਿਸੀਆਂ
- ☐ ਸਿੱਖਿਆ ਸਬੰਧੀ ਰਿਕਾਰਡ
- ☐ ਬੈਂਕ ਖਾਤਾ ਨੰਬਰ
- ☐ ਘਰੇਲੂ ਇੰਵੈਂਟਰੀ ਰਿਕਾਰਡ
- ☐ ਸੇਫਟੀ ਡਿਪਾਜ਼ਿਟ ਬਾਕਸ ਦੀਆਂ ਚਾਬੀਆਂ
- ☐ ਵਸੀਅਤਾਂ ਅਤੇ ਮੁਖਤਿਆਰਨਾਮੇ
- ☐ ਕ੍ਰੈਡਿਟ ਕਾਰਡ ਨੰਬਰ ਅਤੇ ਸੰਪਰਕ
- ☐ ਪਾਲਤੂਆਂ ਦੀ ਰਜਿਸਟ੍ਰੇਸ਼ਨ, ਫੋਟੋ, ਵੈਟਰਨ ਦਾ ਨਾਮ ਅਤੇ ਡਾਕਟਰੀ ਜਾਣਕਾਰੀ
- ☐ ਵਰੰਟੀਆਂ
- ☐ ਸੋਸ਼ਲ ਬੀਮਾ ਨੰਬਰ
- ☐ ਡ੍ਰਾਈਵਰ ਦੇ ਲਾਇਸੈਂਸ ਨੰਬਰ
- ☐ ਟੀਕਾਕਰਣ ਅਤੇ ਡਾਕਟਰੀ ਰਿਕਾਰਡ
- ☐ ਇਨਕਮ ਟੈਕਸ ਰਿਟਰਨ
- ☐ ਪਰਿਵਾਰਕ ਮੈਂਬਰਾਂ ਦੀਆਂ ਹਾਲ ਦੀਆਂ ਫੋਟੋਆਂ
- ☐ ਹੈਲਥ ਕੇਅਰ ਨੰਬਰ
- ☐ ਇਲੈਕਟ੍ਰਾਨਿਕ ਫਾਈਲਾਂ ਅਤੇ ਫੋਟੋਆਂ ਦਾ USB ਬੈਕ-ਅਪ




ਆਪਣੇ ਪਰਿਵਾਰ ਅਤੇ ਘਰ ਨੂੰ ਕਿਸੇ ਐਮਰਜੈਂਸੀ ਲਈ ਕਿਵੇਂ ਤਿਆਰ ਕਰੀਏ ਇਸ ਬਾਰੇ ਹੋਰ ਜਾਣੋ। ਕੈਲਗਰੀ ਵਿਚਲੇ ਜੋਖਮ ਪਤਾ ਲਗਾਉਣ ਲਈ, ਐਮਰਜੈਂਸੀ ਐਕਸ਼ਨ ਪਲਾਨ ਬਣਾਉਣ ਲਈ, 72 ਘੰਟਿਆਂ ਦੀ ਕਿੱਟ ਬਣਾਉਣ ਦੀ ਜਾਣਕਾਰੀ ਲਈ ਅਤੇ ਕੈਲਗਰੀ ਐਮਰਜੈਂਸੀ ਮੈਨੇਜਮੈਂਟ ਏਜੰਸੀ ਦੇ ਤਿਆਰ ਕੈਲਗਰੀ ਕੋਰਸ ਲਈ, **calgary.ca/getready** ਤੇ ਜਾਓ।

# 72-ਘੰਟੇ ਐਮਰਜੈਂਸੀ ਕਿੱਟ

ਕਿਸੇ ਐਮਰਜੈਂਸੀ ਦੀ ਸਥਿਤੀ ਵਿੱਚ, ਜਵਾਬਕਰਤਾ ਤੁਰੰਤ ਖ਼ਤਰੇ ਅਧੀਨ ਲੋਕਾਂ ਦੀ ਸਹਾਇਤਾ ਵਿੱਚ ਰੁੱਝੇ ਹੋਏ ਹੋ ਸਕਦੇ ਹਨ। 72 ਘੰਟੇ ਦੀ ਕਿੱਟ ਵਿੱਚ ਕਿਸੇ ਸੰਕਟਕਾਲੀ ਸਥਿਤੀ ਵਿੱਚ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਤਿੰਨ ਦਿਨਾਂ ਲਈ ਸਹਾਇਤਾ ਪ੍ਰਦਾਨ ਕਰਨ ਲਈ ਸਪਲਾਈ ਹੁੰਦੀ ਹੈ।

## ਭੋਜਨ ਅਤੇ ਪਾਣੀ

- ☐ ਚਾਰ ਲੀਟਰ ਪੀਣ ਵਾਲਾ ਪਾਣੀ ਪ੍ਰਤੀ ਵਿਅਕਤੀ ਪ੍ਰਤੀ ਦਿਨ
- ☐ ਨਾ-ਖਰਾਬ ਹੋਣ ਵਾਲਾ ਭੋਜਨ

(ਸਾਲ ਵਿੱਚ ਇੱਕ ਵਾਰ ਭੋਜਨ ਅਤੇ ਪਾਣੀ ਬਦਲਣਾ ਯਕੀਨੀ ਬਣਾਓ)




## ਉਪਕਰਣ

- ☐ ਵਿੰਡ ਅਪ ਜਾਂ ਬੈਟਰੀ ਨਾਲ ਸੰਚਾਲਿਤ ਫਲੈਸ਼ ਲਾਈਟ ਅਤੇ ਬੈਟਰੀਆਂ (ਹਰ ਸਾਲ ਬੈਟਰੀਆਂ ਬਦਲੋ)
- ☐ ਵਿੰਡ ਅਪ ਜਾਂ ਬੈਟਰੀ ਨਾਲ ਸੰਚਾਲਿਤ ਰੇਡੀਓ ਅਤੇ ਬੈਟਰੀਆਂ (ਹਰ ਸਾਲ ਬੈਟਰੀਆਂ ਬਦਲੋ)
- ☐ ਵਾਧੂ ਕੱਪੜੇ (ਗਰਮ ਵਸਤਾਂ ਸਮੇਤ) ਅਤੇ ਕੰਬਲ ਜਾਂ ਸਲੀਪਿੰਗ ਬੈਗਸ



## ਟਾਇਲਟਰੀਜ਼

- ☐ ਮੁੱਢਲੀ ਸਹਾਇਤਾ ਕਿੱਟ ਅਤੇ ਟਾਇਲਟਰੀਜ਼



## ਖਾਸ ਲੋੜ ਦੀਆਂ ਚੀਜ਼ਾਂ

- ☐ ਬੱਚਿਆਂ ਲਈ ਜਰੂਰੀ ਚੀਜ਼ਾਂ (ਡਾਇਪਰ, ਫਾਰਮੂਲਾ, ਬੋਤਲਾਂ, ਆਦਿ)
- ☐ ਨੁਸਖੇ ਵਾਲੀਆਂ ਦਵਾਈਆਂ
- ☐ ਪ੍ਰਿਸਕ੍ਰਿਪਸ਼ਨ ਐਨਕਾਂ ਜਾਂ ਕੋਂਟੈਕਟ ਲੈਂਸ ਦਾ ਵਾਧੂ ਜੋੜਾ
- ☐ ਪਾਲਤੂਆਂ ਲਈ ਪਦਾਰਥ (ਖਾਣਾ, ਪਟਾ, ਮੱਜ਼ਲ, ਦਵਾਈ, ਆਦਿ)




## ਨਿੱਜੀ ਦਸਤਾਵੇਜ਼ ਅਤੇ ਚੀਜ਼ਾਂ

- ☐ ਛੋਟੇ ਬਿਲਾਂ ਵਿੱਚ ਥੋੜ੍ਹਾ ਨਕਦ
- ☐ ਮਹੱਤਵਪੂਰਨ ਦਸਤਾਵੇਜ਼ਾਂ ਦੀਆਂ ਨਕਲਾਂ




**ਸੁਝਾਈ ਗਈ ਕਿੱਟ ਦੀ ਸਮੱਗਰੀ ਦੀ ਪੂਰੀ ਸੂਚੀ ਲਈ, calgary.ca/getready 'ਤੇ ਜਾਓ**

## ਜਾਣਕਾਰੀ ਰੱਖੋ

ਕਿਸੇ ਬਿਪਤਾ ਦੌਰਾਨ ਵੱਖੋ ਵੱਖਰੇ ਸਰੋਤਾਂ ਤੋਂ ਖਬਰਾਂ ਅਤੇ ਅਪਡੇਟਾਂ ਨੂੰ ਇੱਕਠਾ ਕਰਨ ਦੇ ਯੋਗ ਹੋਣਾ ਮਹੱਤਵਪੂਰਨ ਹੁੰਦਾ ਹੈ।

### ਵੈੱਬਸਾਈਟਾਂ

calgary.ca
weather.gc.ca

### ਐਪਸ ਅਤੇ ਚੇਤਾਵਨੀਆਂ

alertready.ca
emergencyalert.alberta.ca

### ਸੋਸ਼ਲ ਮੀਡੀਆ

@CityofCalgary

@CalgaryPolice

@Safety_Canada

facebook.com/cityofcalgary



19-00681706